ਵਿੱਤ ਵਿਭਾਗ

ਨੋਟੀਫਿਕੇਸ਼ਨ

ਮਿਤੀ 5 ਨਵੰਬਰ, 2008

ਨੰ: 1/4ਪਵਕ-ਡਵਸਅਜ-ਵਵ-2008/1365.—ਪੰਜਾਬ ਵਿੱਤ ਕਮਿਸ਼ਨ ਪੰਚਾਇਤਾਂ ਅਤੇ ਨਗਰ ਕੌਂਸਲਾਂ ਦੇ ਐਕਟ, 1994 ਦੇ ਭਾਗ 3(1) ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਪੰਚਾਇਤਾਂ ਅਤੇ ਨਗਰ ਕੌਂਸਲਾਂ ਲਈ ਚੌਥੇ ਪੰਜਾਬ ਵਿੱਤ ਕਮਿਸ਼ਨ ਨੂੰ ਸਥਾਪਿਤ ਕਰਦੇ ਪੰਜਾਬ ਦੇ ਰਾਜਪਾਲ ਖੁਸ਼ੀ ਮਹਿਸੂਸ ਕਰਦੇ ਹਨ ਅਤੇ ਜਿਸ ਵਿੱਚ ਚੇਅਰਮੈਨ ਅਤੇ ਮੈਂਬਰ ਹੇਠ ਲਿਖੇ ਅਨੁਸਾਰ ਹੋਣਗੇ :—

(1) ਸ਼੍ਰੀ ਆਰ. ਐਸ. ਮਾਨ, ਆਈ.ਏ.ਐਸ. (ਸੇਵਾਮੁਕਤ), ਸਾਬਕਾ ਮੁੱਖ ਸਕੱਤਰ, ਪੰਜਾਬ .. ਚੇਅਰਮੈਨ

(2) ਵਿੱਤ ਕਮਿਸ਼ਨਰ, ਪੇਂਡੂ ਵਿਕਾਸ ਤੇ ਪੰਚਾਇਤਾਂ, ਪੰਜਾਬ ਸਰਕਾਰ .. ਐਕਸ-ਆਫੀਸ਼ੀਓ ਮੈਂਬਰ

(3) ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ ਸਰਕਾਰ .. ਐਕਸ-ਆਫੀਸ਼ੀਓ ਮੈਂਬਰ

2. ਚੇਅਰਮੈਨ ਅਤੇ ਕਮਿਸ਼ਨ ਦੇ ਹੋਰ ਮੈਂਬਰ ਉਨ੍ਹਾਂ ਦੇ ਕੰਮ ਸੰਭਾਲਣ ਤੋਂ ਲੈ ਕੇ 31 ਦਸੰਬਰ, 2010 ਤੱਕ ਆਪਣੇ ਦਫਤਰ ਵਿੱਚ ਕਾਇਮ ਰਹਿਣਗੇ ।

3. ਕਮਿਸ਼ਨ ਹੇਠ ਦਰਸ਼ਾਏ ਮੁੱਦਿਆਂ ਤੇ ਆਪਣੀਆਂ ਸਿਫਾਰਸ਼ਾਂ ਪ੍ਰਗਟ ਕਰੇਗਾ :—

ੳ. ਪੰਚਾਇਤਾਂ ਸਬੰਧੀ—

(ੳ) ਸਿਧਾਂਤ ਜੋ ਲਾਗੂ ਹੋਣਗੇ—

(i) ਰਾਜ ਦੁਆਰਾ ਲਾਏ ਗਏ ਟੈਕਸਾਂ, ਡਿਊਟੀਆਂ, ਮਾਰਗ ਕਰ ਅਤੇ ਫੀਸਾਂ ਦੀ ਵੰਡ ਜੋ ਰਾਜ ਅਤੇ ਪੰਚਾਇਤਾਂ ਵਿੱਚ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਪ੍ਰਾਪਤੀਆਂ ਦੀ ਵੰਡ ਪੰਚਾਇਤਾਂ ਦੇ ਹਰੇਕ ਪੱਧਰ ਤੇ ਉਨ੍ਹਾਂ ਦਾ ਬਣਦਾ ਹਿੱਸਾ ਮਿਲਣਾ ਚਾਹੀਦਾ ਹੈ ।

(ii) ਪੰਚਾਇਤਾਂ ਦੇ ਜ਼ਿੰਮੇ ਲਗਾਏ ਜਾਂ ਉਨ੍ਹਾਂ ਦੁਆਰਾ ਵੱਖਰੇ ਰੱਖੇ ਟੈਕਸਾਂ, ਡਿਊਟੀਆਂ, ਮਾਰਗ ਕਰਾਂ ਅਤੇ ਫੀਸਾਂ ਨੂੰ ਨਿਰਧਾਰਿਤ ਕਰਨਾ ।

(iii) ਰਾਜ ਦੇ ਸੰਚਿਤ ਫੰਡ ਵਿੱਚੋਂ ਪੰਚਾਇਤਾਂ ਨੂੰ ਸਹਾਇਤਾ ਲਈ ਗ੍ਰਾਂਟਾਂ ।

(ਅ) ਪੰਚਾਇਤਾਂ ਦੀ ਵਿੱਤੀ ਹਾਲਤ ਨੂੰ ਸੁਧਾਰਨ ਲਈ ਲੋੜੀਂਦੇ ਯਤਨ ।

(ੲ) ਅਣ-ਉਤਪਾਦਕ ਮਾਲੀ ਖਰਚੇ ਨੂੰ ਘਟਾਉਣ ਦੇ ਉਪਰਾਲੇ ਅਤੇ ਪ੍ਰਸ਼ਾਸਨ ਦਾ ਮਿਆਰ ਸੁਧਾਰਨ ਅਤੇ ਪੂੰਜੀਗਤ ਸਾਧਨਾਂ ਦੀ ਨਿਪੁੰਨਤਾ ਤੇ ਪ੍ਰਭਾਵਸ਼ਾਲੀ ਵਰਤੋਂ ਲਈ ਤਕਨੀਕੀ ਸਹਾਇਤਾ ।

(ਸ) ਪੰਚਾਇਤਾਂ ਦੇ ਚੰਗੇ ਵਿੱਤ ਦੇ ਹਿੱਤ ਵਿੱਚ ਰਾਜਪਾਲ ਵੱਲੋਂ ਵਿੱਤ ਕਮਿਸ਼ਨ ਨੂੰ ਸੌਂਪੇ ਗਏ ਹੋਰ ਮਾਮਲੇ ।

ਅ. ਮਿਊਂਸਪੈਲਟੀਆਂ ਸਬੰਧੀ—

(ੳ) ਸਿਧਾਂਤ ਜੋ ਲਾਗੂ ਹੋਣਗੇ—

(i) ਰਾਜ ਦੁਆਰਾ ਲਾਏ ਗਏ ਟੈਕਸਾਂ, ਡਿਊਟੀਆਂ, ਮਾਰਗ ਕਰ ਅਤੇ ਫੀਸਾਂ ਦੀ ਵੰਡ ਜੋ ਰਾਜ ਅਤੇ ਮਿਊਂਸਪੈਲਟੀਆਂ ਵਿੱਚ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਪ੍ਰਾਪਤੀਆਂ ਦੀ ਵੰਡ ਮਿਊਂਸਪੈਲਟੀਆਂ ਦੇ ਹਰੇਕ ਪੱਧਰ ਤੇ ਉਨ੍ਹਾਂ ਦਾ ਬਣਦਾ ਹਿੱਸਾ ਮਿਲਣਾ ਚਾਹੀਦਾ ਹੈ ।

(ii) ਮਿਊਂਸਪੈਲਟੀਆਂ ਦੇ ਜ਼ਿੰਮੇ ਲਗਾਏ ਜਾਂ ਉਨ੍ਹਾਂ ਦੁਆਰਾ ਵੱਖਰੇ ਰੱਖੇ ਟੈਕਸਾਂ, ਡਿਊਟੀਆਂ, ਮਾਰਗ ਕਰਾਂ ਅਤੇ ਫੀਸਾਂ ਨੂੰ ਨਿਰਧਾਰਿਤ ਕਰਨਾ ।

(iii) ਰਾਜ ਦੇ ਸੰਚਿਤ ਫੰਡ ਵਿੱਚੋਂ ਮਿਊਂਸਪੈਲਟੀਆਂ ਨੂੰ ਸਹਾਇਤਾ ਲਈ ਗ੍ਰਾਂਟਾਂ ।

(ਅ) ਮਿਊਂਸਪੈਲਟੀਆਂ ਦੀ ਵਿੱਤੀ ਹਾਲਤ ਨੂੰ ਸੁਧਾਰਨ ਲਈ ਲੋੜੀਂਦੇ ਯਤਨ ।

(ੲ) ਅਣ-ਉਤਪਾਦਕ ਮਾਲੀ ਖ਼ਰਚੇ ਨੂੰ ਘਟਾਉਣ ਦੇ ਉਪਰਾਲੇ ਅਤੇ ਪ੍ਰਸ਼ਾਸਨ ਦਾ ਮਿਆਰ ਸੁਧਾਰਨ ਅਤੇ ਪੂੰਜੀਗਤ ਸਾਧਨਾਂ ਦੀ ਨਿਪੁੰਨਤਾ ਤੇ ਪ੍ਰਭਾਵਸ਼ਾਲੀ ਵਰਤੋਂ ਲਈ ਤਕਨੀਕੀ ਸਹਾਇਤਾ ।

(ਸ) ਮਿਊਂਸਪੈਲਟੀਆਂ ਦੇ ਚੰਗੇ ਵਿੱਤ ਦੇ ਹਿੱਤ ਵਿੱਚ ਰਾਜਪਾਲ ਵੱਲੋਂ ਵਿੱਤ ਕਮਿਸ਼ਨ ਨੂੰ ਸੌਂਪੇ ਗਏ ਹੋਰ ਮਾਮਲੇ ।

ਸ਼ਬਦ ਪੰਚਾਇਤਾਂ ਅਤੇ ਮਿਊਂਸਪੈਲਟੀਆਂ ਦਾ ਮਤਲਬ, ਉਪਰੋਕਤ ਦਿੱਤੇ ਐਕਟ ਦੀ ਧਾਰਾ 2(ਡੀ) ਅਨੁਸਾਰ ਹੀ ਪਰਿਭਾਸ਼ਿਤ ਹੈ ।

4. ਕਮਿਸ਼ਨ ਦੀ ਰਿਪੋਟ ਉਪਰੋਕਤ ਵਿਸ਼ਿਆਂ ਤੇ 5 ਸਾਲਾਂ ਦੇ ਕਾਰਜਕਾਲ ਲਈ ਪਹਿਲੀ ਅਪ੍ਰੈਲ, 2011 ਤੋਂ ਲਾਗੂ ਹੋਵੇਗੀ । ਕਮਿਸ਼ਨ ਆਪਣੀ ਰਿਪੋਟ 31 ਦਸੰਬਰ, 2010 ਤੱਕ ਉਪਲੱਬਧ ਕਰੇਗਾ । ਕਮਿਸ਼ਨ ਆਪਣੇ ਨਤੀਜਿਆਂ ਤੇ ਪਹੁੰਚਣ ਦੇ ਅਧਾਰ ਸਬੰਧੀ ਵੀ ਸੂਚਿਤ ਕਰੇਗਾ ।

ਜਨਰਲ (ਰਿਟਾ:) ਐਸ.ਐਫ. ਰੌਡਰਿਗਜ਼,
ਪੀ.ਵੀ.ਐਸ.ਐਮ., ਵੀ.ਐਸ.ਐਮ.,
ਰਾਜਪਾਲ ਪੰਜਾਬ ।

ਚੰਡੀਗੜ੍ਹ :
ਮਿਤੀ 27 ਅਕਤੂਬਰ, 2008.

---

(ਸਹੀ.) . . .,
(ਡੀ.ਐਸ. ਕੱਲ੍ਹਾ),
ਪ੍ਰਮੁੱਖ ਸਕੱਤਰ ਵਿੱਤ ।